# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**N No. 1**

# ਗੈਰ-ਖੇਤੀਬਾੜੀ ਥਾਂਵਾਂ ਵਿੱਚ ਕੀਟਨਾਸ਼ਕਾਂ ਨਾਲ ਸੁਰੱਖਿਆ ਨਾਲ ਕੰਮ ਕਰਨਾ



**ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਵਾਲੇ ਵਰਕਰਾਂ ਨੂੰ ਇਸ ਤਰ੍ਹਾਂ ਸਿੱਖਿਅਤ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਸੁਰੱਖਿਆ ਆਪ ਕਰ ਸਕਣ।** ਇਸਤੇਮਾਲ ਕਰਨ ਦਾ ਮਤਲਬ ਹੈ ਕਿ ਕੀਟਨਾਸ਼ਕਾਂ ਨੂੰ ਰਲਾਉਣਾ, ਲੱਦਣਾ, ਜਾਂ ਇਸਤੇਮਾਲ ਕਰਨਾ; ਜਿਨ੍ਹਾਂ ਉਪਕਰਣਾਂ ਨੂੰ ਇਸਤੇਮਾਲ ਕੀਤਾ ਗਿਆ ਸੀ ਉਨ੍ਹਾਂ ਨੂੰ ਸਾਫ਼ ਕਰਨਾ ਅਤੇ ਉਨ੍ਹਾਂ ਦੀ ਮੁਰੰਮਤ ਕਰਨੀ ਜਾਂ ਅਣਧੋਤੇ ਕੰਟੇਨਰਾਂ ਨੂੰ ਛੂਹਣਾ।

ਜੇ ਤੁਸੀਂ ਇਕ ਸਨਅਤੀ/ਸੰਸਥਾਇਕ ਮਾਹੌਲ ਵਿੱਚ ਕੀਟਨਾਸ਼ਕ ਦਾ ਇਸਤੇਮਾਲ ਕਰਦੇ ਹੋ, ਜਾਂ ਇਕ ਢਾਂਚਾਗਤ ਕੀਟ-ਕੰਟਰੋਲ ਕੰਮਕਾਜ, ਭੂ-ਦ੍ਰਿਸ਼ਾਂ ਅਤੇ ਰੱਖ-ਰਖਾਅ ਬਾਰੇ ਕੰਪਨੀ ਦੇ ਇਸੇ ਤਰਾਂ ਦੇ ਕੰਮ ਵਿੱਚ ਲਗੇ ਹੋਏ ਹੋ ਤਾਂ ਇਸ ਲੀਫ਼ਲੈਟ (ਪਰਚੇ) ਨਾਲ ਇਹ ਸਿੱਖਣ ਵਿੱਚ ਮਦਦ ਮਿਲੇਗੀ ਕਿ ਕੀਟਨਾਸ਼ਕਾਂ ਨਾਲ ਕਿਸ ਤਰ੍ਹਾਂ ਸੁਰੱਖਿਆ ਨਾਲ ਕੰਮ ਕਰਨਾ ਹੈ।

## ਮੈਨੂੰ ਕੀਟਨਾਸ਼ਕਾਂ ਬਾਰੇ ਚਿੰਤਾ ਕਿਉਂ ਕਰਨੀ ਚਾਹੀਦੀ ਹੈ ?

ਕੀਟਨਾਸ਼ਕ ਕਈ ਤਰੀਕਿਆਂ ਨਾਲ ਤੁਹਾਡੇ ਸਰੀਰ ਵਿੱਚ ਜਾ ਸਕਦੇ ਹਨ ਅਤੇ ਉਹ ਤੁਹਾਡੀ ਸਿਹਤ ਤੇ ਗੰਭੀਰ ਅਤੇ ਚਿਰਕਾਲੀ ਦੋਵੇਂ ਤਰ੍ਹਾਂ ਦੇ ਅਸਰ ਪਾ ਸਕਦੇ ਹਨ। ਜੇ ਕੋਈ ਕੀਟਨਾਸ਼ਕ ਤੁਹਾਨੂੰ ਫੌਰਨ ਨੁਕਸਾਨ ਪਹੁੰਚਾਏ ਜਾਂ ਬੀਮਾਰ ਕਰ ਦੇਵੇ ਤਾਂ ਇਸਨੂੰ ਗੰਭੀਰ ਅਸਰ ਕਿਹਾ ਜਾਂਦਾ ਹੈ। ਜੇ ਤੁਹਾਡੇ ਬੀਮਾਰ ਹੋਣ ਤੋਂ ਪਹਿਲਾਂ ਲੰਮੇ ਅਰਸੇ ਤਕ (ਮਹੀਨੇ ਜਾਂ ਸਾਲ) ਤੁਹਾਡੇ ਤੇ ਕੀਟਨਾਸ਼ਕ ਦਾ ਅਸਰ ਰਹਿੰਦਾ ਹੈ, ਤਾਂ ਇਸਨੂੰ ਚਿਰਕਾਲੀ ਅਸਰ ਕਿਹਾ ਜਾਂਦਾ ਹੈ। ਕੀਟਨਾਸ਼ਕ ਤੁਹਾਡੀ ਚਮੜੀ, ਮੂੰਹ ਜਾਂ ਅੱਖਾਂ ਰਾਹੀਂ ਜਾਂ ਤੁਹਾਡੇ ਸਾਹ ਨਾਲ ਫੇਫੜਿਆਂ ਰਾਹੀਂ ਤੁਹਾਡੇ ਜਿਸਮ ਵਿੱਚ ਜਾਕੇ ਤੁਹਾਨੂੰ ਬੀਮਾਰ ਕਰ ਸਕਦੇ ਹਨ।

## ਕੀਟਨਾਸ਼ਕ ਤੇ ਲਗਿਆ ਲੇਬਲ ਮੈਨੂੰ ਕੀ ਦੱਸ ਸਕਦਾ ਹੈ ?

ਬਹੁਤੇ ਲੇਬਲਾਂ ਤੇ ਵੱਡੇ ਅੱਖਰਾਂ ਵਿੱਚ ਲੇਬਲ ਦੇ ਸਾਹਮਣੇ ਵਾਲੇ ਪਾਸੇ ਵਿਸ਼ੇਸ਼ ਸ਼ਬਦ ਲਿਖੇ ਹੁੰਦੇ ਹਨ। ਇਹ ਤੁਹਾਨੂੰ ਦੱਸਦੇ ਹਨ, ਕਿ ਤੁਹਾਡੀ ਸਿਹਤ ਲਈ ਕਿਹੜਾ ਗੰਭੀਰ ਖ਼ਤਰਾ ਹੈ।

ਜੋ ਸ਼ਬਦ ਤੁਸੀਂ ਸ਼ਾਇਦ ਵੇਖੋ, ਉਹ ਇਹ ਹਨ:

**ਸੁਰੱਖਿਆ ਗੁਰ 1**

**ਆਪਣੇ ਹੱਥਾਂ ਨੂੰ ਕੀਟਨਾਸ਼ਕਾਂ ਤੋਂ ਬਚਾਕੇ ਰੱਖਣਾ, ਅਕਸਰ ਕੀਟਨਾਸ਼ਕ ਨਾਲ ਸੁਰੱਖਿਅਤ ਢੰਗ ਨਾਲ ਕੰਮ ਕਰਨ ਦਾ ਸਭ ਤੋਂ ਮੁਸ਼ਕਲ ਹਿੱਸਾ ਹੈ। ਕੁਝ ਖਾਣ-ਪੀਣ ਜਾਂ ਤਮਾਖੂਨੋਸ਼ੀ ਕਰਨ ਤੋਂ ਪਹਿਲਾਂ ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾ ਆਪਣੇ ਹੱਥ ਧੋਵੋ।**

- **ਖ਼ਤਰਾ**, ਇਸਦਾ ਮਤਲਬ ਹੈ ਕਿ ਇਹ ਕੀਟਨਾਸ਼ਕ ਬਹੁਤ ਜ਼ਿਆਦਾ ਹਾਨੀਕਾਰਕ ਹੈ।
- **ਚੇਤਾਵਨੀ**, ਇਸਦਾ ਮਤਲਬ ਹੈ ਕਿ ਇਹ ਕੀਟਨਾਸ਼ਕ ਮੱਧਮ ਦਰਜੇ ਦਾ ਖ਼ਤਰਨਾਕ ਹੈ।
- **ਸਾਵਧਾਨੀ**, ਇਸਦਾ ਮਤਲਬ ਹੈ ਕਿ ਇਹ ਥੋੜ੍ਹਾ ਘੱਟ ਹਾਨੀਕਾਰਕ ਹੈ, ਪਰ ਫਿਰ ਵੀ ਤੁਹਾਨੂੰ ਬੀਮਾਰ ਕਰ ਸਕਦਾ ਹੈ।

ਜੇ ਲੇਬਲ ਤੇ ਇਨ੍ਹਾਂ ਵਿੱਚੋਂ ਕੋਈ ਇਕ ਵੀ ਸ਼ਬਦ ਨਹੀਂ ਤਾਂ ਇਸਦਾ ਮਤਲਬ ਹੈ ਕਿ ਇਹ ਤੁਹਾਨੂੰ ਘੱਟ ਨੁਕਸਾਨ ਪਹੁੰਚਾ ਸਕਦਾ ਹੈ। ਪਰ ਫਿਰ ਵੀ ਹਰ ਇਕ ਕੀਟਨਾਸ਼ਕ ਨੂੰ ਬੜੇ ਧਿਆਨ ਨਾਲ ਇਸਤੇਮਾਲ ਕਰੋ।

ਤੁਹਾਨੂੰ ਕੀਟਨਾਸ਼ਕ ਨੂੰ ਲੇਬਲ ਤੇ ਲਿਖੀਆਂ ਹਿਦਾਇਤਾਂ ਅਨੁਸਾਰ ਹੀ ਇਸਤੇਮਾਲ ਕਰਨਾ ਚਾਹੀਦਾ ਹੈ। ਜੇ ਤੁਸੀਂ ਲੇਬਲ ਪੜ੍ਹ ਨਹੀਂ ਸਕਦੇ ਤਾਂ ਆਪਣੇ ਮਾਲਿਕ ਨੂੰ ਪੁੱਛੋ ਕਿ ਤੁਹਾਨੂੰ ਦੱਸੇ ਕਿ ਉਸ ਵਿੱਚ ਕੀ ਲਿਖਿਆ ਹੋਇਆ ਹੈ। ਕੁਝ ਕੀਟਨਾਸ਼ਕਾਂ ਲਈ ਕੈਲੀਫ਼ੋਰਨੀਆ ਦੇ ਨਿਯਮ ਲੇਬਲ ਤੇ ਲਿਖੇ ਨਿਯਮਾਂ ਤੋਂ ਹੋਰ ਵੀ ਜ਼ਿਆਦਾ ਸਖ਼ਤ ਹਨ, ਤੁਹਾਡੇ ਮਾਲਿਕ ਨੂੰ ਉਨ੍ਹਾਂ ਨਿਯਮਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਅਤੇ ਉਸਨੂੰ ਤੁਹਾਨੂੰ ਇਨ੍ਹਾਂ ਬਾਰੇ ਦੱਸਣਾ ਚਾਹੀਦਾ ਹੈ।



## ਮੈਨੂੰ ਕਿਹੜੇ ਸੁਰੱਖਿਆ ਨਿਯਮ ਦੀ ਪਾਲਣਾ ਕਰਨ ਦੀ ਜ਼ਰੂਰਤ ਹੈ ?


### 1. ਲੇਬਲ ਪੜ੍ਹੋ

ਲੇਬਲ ਪੜ੍ਹੋ, ਅਤੇ ਫਿਰ ਉਸ ਦੇ ਇਸਤੇਮਾਲ ਲਈ ਸਥਿੱਤੀ ਜਿਵੇਂ ਕਿ ਮੌਸਮ ਦੀ ਸਥਿੱਤੀ, ਲੋਕਾਂ ਜਾਂ ਆਪਣੇ ਆਲੇ-ਦੁਆਲੇ ਦੀਆਂ ਇਮਾਰਤਾਂ ਦਾ ਧਿਆਨ ਰੱਖੋ। ਜੇ ਤੁਸੀਂ ਕੀਟਨਾਸ਼ਕ ਅੰਦਰ (ਇਨਡੋਰ) ਇਸਤੇਮਾਲ ਕਰ ਰਹੇ ਹੋ, ਕੀਟਨਾਸ਼ਕ ਜਾਂ ਇਸਦੀ ਵਾਸ਼ਪ ਏਅਰਕੰਡੀਸ਼ਨ ਜਾਂ ਹੀਟੀਂਗ ਸਿਸਟਮ ਕਰਕੇ ਬਿਲਡਿੰਗ ਦੇ ਅੰਦਰ ਫੈਲ ਸਕਦੀ ਹੈ। ਇਨ੍ਹਾਂ ਹਾਲਤਾਂ ਨੂੰ ਦੇਖ ਕੇ ਕੀਟਨਾਸ਼ਕ ਇਸਤੇਮਾਲ ਕਰਨ ਤੋਂ ਪਹਿਲਾਂ ਫੈਸਲਾ ਕਰੋ ਕਿ ਕੀਟਨਾਸ਼ਕ ਦਾ ਇਸਤੇਮਾਲ ਸੁਰੱਖਿਅਤ ਹੈ ਕਿ ਨਹੀਂ। ਜੇ ਤੁਸੀਂ ਸੋਚਦੇ ਹੋ ਕਿ ਇਹ ਸੁਰੱਖਿਅਤ ਨਹੀਂ ਤਾਂ ਆਪਣੇ ਮਾਲਿਕ ਨਾਲ ਗੱਲ ਕਰੋ।

### 2. ਕੀਟਨਾਸ਼ਕਾਂ ਨੂੰ ਪਾਣੀ ਵਿੱਚ ਰਲਾਉਣ ਤੋਂ ਪਹਿਲਾਂ ਵਿਸ਼ੇਸ਼ ਸਾਵਧਾਨੀ ਵਰਤੋ

ਕੀਟਨਾਸ਼ਕਾਂ ਨੂੰ ਪਾਣੀ ਵਿੱਚ ਰਲਾਣ ਤੋਂ ਪਹਿਲਾਂ ਉਨ੍ਹਾਂ ਦੇ ਕੰਟੇਨਰਾਂ ਨੂੰ ਇਧਰ ਉਧਰ ਲਿਜਾਣਾ, ਅਤੇ ਹੱਥਾਂ ਨਾਲ ਕੱਢਣਾ ਕੀਟਨਾਸ਼ਕਾਂ ਨਾਲ ਕੰਮ ਕਰਨ ਦਾ ਅਕਸਰ ਸਭ ਤੋਂ ਮੁਸ਼ਕਲ ਹਿੱਸਾ ਹੈ। ਪਾਣੀ ਵਿੱਚ ਰਲਾਏ ਹੋਏ ਕੀਟਨਾਸ਼ਕ ਜਦੋਂ ਉਹ ਇਸਤੇਮਾਲ ਕੀਤੇ ਜਾਣ ਵਾਲੇ ਉਪਕਰਣ ਵਿੱਚ ਹਨ, ਘੱਟ ਖ਼ਤਰਨਾਕ ਹੋ ਸਕਦੇ ਹਨ, ਪਰ ਫਿਰ ਵੀ ਉਹ ਤੁਹਾਨੂੰ ਨੁਕਸਾਨ ਪਹੁੰਚਾ ਸਕਦੇ ਹਨ। ਜਦੋਂ ਤੁਸੀਂ ਇਨ੍ਹਾਂ ਜਾ ਹੋਰ ਕੀਟਨਾਸ਼ਕਾਂ ਨਾਲ ਕੰਮ ਕਰੋ, ਤੁਹਾਨੂੰ ਹਮੇਸ਼ਾਂ ਇਹ ਕੋਸ਼ਿਸ਼ ਕਰਨੀ ਚਾਹੀਦਾ ਹੈ, ਕਿ ਕੀਟਨਾਸ਼ਕ ਤੁਹਾਡੇ ਤੇ ਨਾ ਪਏ।

### 3. ਸੁਰੱਖਿਆ ਲਈ ਸਹੀ ਤਰ੍ਹਾਂ ਦੀਆਂ ਚੀਜ਼ਾਂ ਦਾ ਇਸਤੇਮਾਲ ਕਰੋ



**ਆਪਣੀਆਂ ਅੱਖਾਂ ਨੂੰ ਸੁਰੱਖਿਅਤ ਰੱਖਣਾ:**

- ਜਦੋਂ ਤੁਸੀਂ ਕੀਟਨਾਸ਼ਕ ਰਲਾਉਂਦੇ, ਲੱਦਦੇ ਜਾਂ ਇਸਤੇਮਾਲ ਕਰਦੇ ਹੋ, ਉਪਕਰਣ ਦੀ ਮੁਰੰਮਤ, ਜਾਂ ਉਸ ਨੂੰ ਸਾਫ਼ ਕਰਦੇ ਹੋ; ਤੁਹਾਨੂੰ ਆਪਣੀਆਂ ਅੱਖਾਂ ਦੀ ਸੁਰੱਖਿਆ ਵਾਲੀਆਂ ਚੀਜ਼ਾਂ ਪਾਕੇ ਰੱਖਣੀਆਂ ਚਾਹੀਦੀਆਂ ਹਨ।
- ਅੱਖਾਂ ਦੀ ਸੁਰੱਖਿਆ ਲਈ (ਪੁੜ ਪੁੜੀ ਅਤੇ ਭਰਵੱਟਿਆਂ ਦੀ ਸੁਰੱਖਿਆ) ਸੁਰੱਖਿਅਤ ਸ਼ੀਸ਼ੇ, ਕਾਲੀਆਂ ਐਨਕਾਂ ਜਾਂ ਚਿਹਰੇ ਨੂੰ ਢਕਣ ਵਾਲੀ ਸ਼ੀਲਡ, ਜਾਂ ਪੂਰੇ ਚਿਹਰੇ ਦਾ ਮਾਸਕ ਵਗੈਰਾ ਪਾ ਸਕਦੇ ਹੋ।

ਆਮ ਐਨਕਾਂ ਜਾਂ ਧੁੱਪ ਦੀਆਂ ਐਨਕਾਂ ਸਹੀ ਸੁਰੱਖਿਆ ਮੁਹੱਈਆ ਨਹੀਂ ਕਰਦੇ। ਕੀਟਨਾਸ਼ਕ ਇਨ੍ਹਾਂ ਐਨਕਾਂ ਦੇ ਹੇਠੋਂ ਜਾਕੇ ਆਸਾਨੀ ਨਾਲ ਤੁਹਾਡੀਆਂ ਅੱਖਾਂ ਵਿਚ ਜਾ ਸਕਦੇ ਹਨ। ਕੀਟਨਾਸ਼ਕ ਦਵਾਈ ਤੇ ਲਗਿਆ ਲੇਬਲ ਤੁਹਾਨੂੰ ਦੱਸੇਗਾ ਕਿ ਅੱਖਾਂ ਦੀ ਸੁਰੱਖਿਆ ਲਈ ਕਿਹੜੀ ਚੀਜ਼ ਦਾ ਇਸਤੇਮਾਲ ਕਰਨਾ ਚਾਹੀਦਾ ਹੈ।



**ਆਪਣੇ ਹੱਥਾਂ ਦੀ ਸੁਰੱਖਿਆ:**

ਆਪਣੇ ਹੱਥਾਂ ਨੂੰ ਕੀਟਨਾਸ਼ਕਾਂ ਤੋਂ ਦੂਰ ਰੱਖਣਾ ਕੀਟਨਾਸ਼ਕਾਂ ਨਾਲ ਕੰਮ ਕਰਨ ਦਾ ਸਭ ਤੋਂ ਮੁਸ਼ਕਲ ਹਿੱਸਾ ਹੈ। ਜੇ ਕੀਟਨਾਸ਼ਕ ਤੁਹਾਡੇ ਹੱਥਾਂ ਤੇ ਲਗ ਜਾਏ ਤੇ ਇਹ ਤੁਹਾਡੇ ਅੱਖ ਮਲਣ ਨਾਲ ਤੁਹਾਡੀਆਂ ਅੱਖਾਂ ਵਿੱਚ ਜਾਂ ਤੁਹਾਡੇ ਮੂੰਹ ਵਿੱਚ ਜਾ ਸਕਦਾ ਹੈ ਜਦੋਂ ਤੁਸੀਂ ਭੋਜਨ ਛੂਹੋਗੇ। ਕੁਝ ਖਾਣ, ਪੀਣ ਸਿਗਰਟ ਪੀਣ ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ।

- ਹੱਥਾਂ ਨਾਲ ਕੀਟਨਾਸ਼ਕ ਇਸਤੇਮਾਲ ਕਰਨ ਵੇਲੇ, ਜਦੋਂ ਤੁਸੀਂ ਕੀਟਨਾਸ਼ਕ ਰਲਾਉਂਦੇ, ਲੱਦਦੇ ਜਾਂ ਇਸਤੇਮਾਲ ਕਰਦੇ ਹੋ; ਕੀਟਨਾਸ਼ਕ ਵਾਲੇ ਉਪਕਰਣਾਂ ਦੀ ਸਫਾਈ ਜਾਂ ਮੁਰੰਮਤ ਕਰਦੇ ਹੋ, ਤੁਹਾਨੂੰ ਦਸਤਾਨੇ ਪਾਣੇ ਚਾਹੀਦੇ ਹਨ ਅਤੇ ਜਦੋਂ ਵੀ ਲੇਬਲ ਇਸ ਤਰ੍ਹਾਂ ਕਹੇ। ਜੇ ਲੇਬਲ ਤੇ ਇਹ ਨਹੀਂ ਲਿਖਿਆ ਹੋਇਆ ਕਿ ਦਸਤਾਨੇ ਕਿਸ ਕਿਸਮ

ਦੇ ਹੋਣ ਤਾਂ ਤੁਸੀਂ ਰਬੜ ਵਰਗੀ ਰਸਾਇਣ ਵਿਰੋਧੀ ਸਮੱਗਰੀ ਜਾਂ ਨਿਓਪਰੀਨ ਦੇ ਦਸਤਾਨੇ ਪਾਉ। ਫੈਬਰਿਕ ਦੀ ਲਾਈਨਿੰਗ ਜਾਂ ਚਮੜੇ ਦੇ ਦਸਤਾਨੇ ਉਦੋਂ ਤਕ ਨਾ ਵਰਤੋ ਜਦ ਤਕ ਲੇਬਲ ਤੇ ਵਿਸ਼ੇਸ਼ ਤੌਰ ਤੇ ਨਾ ਲਿਖਿਆ ਹੋਏ।

- ਤੁਹਾਡੇ ਮਾਲਿਕ ਨੂੰ ਹਰ ਰੋਜ਼ ਜਦੋਂ ਤੁਸੀਂ ਕੀਟਨਾਸ਼ਕ ਰਲਾਂਦੇ, ਲੱਦਦੇ ਜਾਂ ਇਸਤੇਮਾਲ ਕੀਤੇ ਜਾਂਦੇ ਉਪਕਰਣਾਂ ਨੂੰ ਮੁਰੰਮਤ ਜਾਂ ਸਾਫ਼ ਕਰਦੇ ਹੋ ਜਾਂ ਹੱਥ ਨਾਲ ਫੜਨ ਵਾਲੇ ਉਪਕਰਣ ਨਾਲ ਕੀਟਨਾਸ਼ਕ ਇਸਤੇਮਾਲ ਕਰਦੇ ਹੋ, ਤੁਹਾਨੂੰ ਨਵੇਂ ਜਾਂ ਸਾਫ਼ ਦਸਤਾਨੇ ਦੇਣੇ ਚਾਹੀਦੇ ਹਨ।
- ਕਈ ਵਾਰ ਇਕ ਕੀਟਨਾਸ਼ਕ ਦੇ ਲੇਬਲ ਤੇ ਦਸਤਾਨੇ ਇਸਤੇਮਾਲ ਨਹੀਂ ਕਰਨ ਲਈ ਕਿਹਾ ਜਾਂਦਾ ਹੈ, ਜੇ ਅਜਿਹਾ ਲਿਖਿਆ ਹੈ ਤਾਂ ਦਸਤਾਨੇ ਨਾ ਪਾਉ।

**ਆਪਣੇ ਫੇਫੜਿਆਂ ਦੀ ਰੱਖਿਆ ਕਰਨੀ:**



- ਕੈਲੀਫੋਰਨੀਆ ਦੀ ਘੱਟ ਤੋਂ ਘੱਟ ਐਕਸਪੋਜ਼ਰ ਵਾਲੀ ਸੂਚੀ ਵਿੱਚ ਜਿਨ੍ਹੇਂ ਵੀ ਕੀਟਨਾਸ਼ਕ ਹਨ, ਉਨ੍ਹਾਂ ਦੇ ਇਸਤੇਮਾਲ ਸਮੇਂ ਤੁਹਾਨੂੰ ਰੈਸਪੀਰੇਟਰ ਪਾਕੇ ਰੱਖਣਾ ਚਾਹੀਦਾ ਹੈ ਕਿਉਂਕਿ ਕੀਟਨਾਸ਼ਕ ਸਾਹ ਨਾਲ ਤੁਹਾਡੇ ਅੰਦਰ ਜਾ ਸਕਦੇ ਹਨ, ਜੋ ਨੁਕਸਾਨਦਾਇਕ ਹਨ (ਇਨ੍ਹਾਂ ਵਿੱਚ ਫਿਉਮੀਗੈਂਟਸ, ਪਾਉਡਰ, ਧੂੜਾ, ਅਤੇ ਕੁਝ ਤਰਲ ਵੀ ਸ਼ਾਮਿਲ ਹੋ ਸਕਦੇ ਹਨ) ਅਤੇ ਹਰ ਸਮੇਂ ਅਤੇ ਜਦੋਂ ਵੀ ਲੇਬਲ ਦੱਸੇ ਜਾਂ ਜਦੋਂ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ ਜਾਂ ਇਸਤੇਮਾਲ ਕਰਦੇ ਹੋਵੇ। ਘੱਟ ਤੋਂ ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕਾਂ ਬਾਰੇ N-6 ਸੁਰੱਖਿਆ ਲੀਫ਼ਲੈਟ (ਪਰਚੇ) ਦੀ ਇਕ ਕਾਪੀ ਮੰਗੋ ਅਤੇ ਰੈਸਪੀਰੇਟਰ ਬਾਰੇ ਹੋਰ ਜਾਣਕਾਰੀ ਲਈ N-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।

**ਆਪਣੇ ਸਰੀਰ ਦੀ ਸੁਰੱਖਿਆ:**

- ਜਦੋਂ ਤੁਸੀਂ ਉਨ੍ਹਾਂ ਕੀਟਨਾਸ਼ਕ ਨਾਲ  ਕੰਮ ਕਰ ਰਹੇ ਹੋਵੋ, ਜਿਨ੍ਹਾਂ ਦੇ ਲੇਬਲ ਤੇ ਸ਼ਬਦ **"ਖ਼ਤਰਾ"** ਜਾਂ **"ਚੇਤਾਵਨੀ"** ਲਿਖਿਆ ਹੁੰਦਾ ਹੈ, ਤੁਹਾਡੇ ਮਾਲਿਕ ਨੂੰ ਹਰ ਰੋਜ਼ ਤੁਹਾਨੂੰ ਸਾਫ਼ ਕਵਰਆਲ (ਲੰਮੀਆਂ ਬਾਹਾਂ ਵਾਲੀ ਕਮੀਜ਼ ਤੇ ਲੰਬੀ ਪੈਂਟ) ਦੇਣੇ ਚਾਹੀਦੇ ਹਨ।
- ਜੇ ਲੇਬਲ ਤੇ ਲਿਖਿਆ ਹੋਵੇ ਜਾਂ ਹੋਰ ਨਿਯਮਾਂ ਅਨੁਸਾਰ ਇਹ ਜ਼ਰੂਰੀ ਹੋਵੇ ਤਾਂ ਤੁਹਾਡੇ ਮਾਲਿਕ ਨੂੰ ਸਾਫ਼ ਰਸਾਇਣ ਪ੍ਰਤਿਰੋਧਕ ਸੂਟ (ਜੋ ਤੁਹਾਡੇ ਸਾਰੇ ਸਰੀਰ ਨੂੰ ਢਕ ਲਵੇ, ਇਕ ਐਪਰਨ, ਪੈਰਾਂ ਤੇ ਸਿਰ ਦੀ ਸੁਰੱਖਿਆ ਲਈ) ਦੇਣਾ ਚਾਹੀਦਾ ਹੈ।
- ਜੇ ਬਾਹਰ ਗਰਮੀ ਹੋਵੇ, ਤਾਂ ਰਸਾਇਣ ਪ੍ਰਤਿਰੋਧਕ ਸੂਟ ਵਿੱਚ ਤੁਹਾਨੂੰ ਏਨੀ ਗਰਮੀ ਲਗ ਸਕਦੀ ਹੈ ਕਿ ਤੁਸੀਂ ਬੀਮਾਰ ਹੋ ਸਕਦੇ ਹੋ। ਜੇ ਲੇਬਲ ਇਹ ਦੱਸਦਾ ਹੈ ਕਿ ਤੁਹਾਡੇ ਲਈ ਰਸਾਇਣ ਪ੍ਰਤਿਰੋਧਕ ਸੂਟ ਪਾਣਾ ਜ਼ਰੂਰੀ ਹੈ ਤਾਂ ਤੁਹਾਨੂੰ ਦਿਨ ਸਮੇਂ 80°F (27°C) ਜਾਂ ਰਾਤ ਸਮੇਂ 85°F (29°C) ਤੋਂ ਜ਼ਿਆਦਾ ਤਾਪਮਾਨ ਵਿੱਚ ਕੰਮ ਨਹੀਂ ਕਰਨਾ ਚਾਹੀਦਾ।
- ਲੇਬਲ ਤੇ **ਖ਼ਤਰਾ** ਸ਼ਬਦ ਵਾਲੇ ਤਰਲ ਕੀਟਨਾਸ਼ਕ ਜਾਂ ਕੈਲੀਫ਼ੋਰਨੀਆ ਦੀ ਘੱਟੋ ਘੱਟ ਐਕਸਪੋਜ਼ਰ ਵਾਲੀ ਸੂਚੀ ਵਾਲੇ ਕੀਟਨਾਸ਼ਕਾਂ ਨੂੰ ਰਲਾਉਣ ਜਾਂ ਭਰਨ ਦਾ ਕੰਮ ਬੰਦ ਸਿਸਟਮ ਵਿੱਚ ਕਰਨਾ ਚਾਹੀਦਾ ਹੈ। ਬੰਦ ਸਿਸਟਮ ਬਾਰੇ ਹੋਰ ਜਾਣਕਾਰੀ ਲਈ ਇਕ N-3 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਆਪਣੇ ਮਾਲਿਕ ਨੂੰ ਕਹੋ।



ਯਾਦ ਰੱਖੋ, ਕਿ ਤੁਹਾਡੇ ਮਾਲਿਕ ਨੂੰ ਤੁਹਾਡੀ ਨਿੱਜੀ ਸੁਰੱਖਿਆ ਲਈ ਜੋ ਜ਼ਰੂਰੀ ਹੈ, ਉਹ ਸਾਰਾ ਸਾਮਾਨ ਤੁਹਾਨੂੰ ਦੇਣਾ ਚਾਹੀਦਾ ਹੈ ਅਤੇ ਤੁਹਾਨੂੰ ਉਹ ਵਰਤਣਾ ਚਾਹੀਦਾ ਹੈ।

**ਕੀਟਨਾਸ਼ਕਾਂ ਨੂੰ ਧੋਣਾ:**

ਜੇ ਤੁਸੀਂ ਸੰਕੇਤਕ "ਖ਼ਤਰੇ" ਜਾਂ "ਚੇਤਾਵਨੀ" ਵਾਲੇ ਸੰਕੇਤਕ ਸ਼ਬਦ ਵਾਲੇ ਕੀਟਨਾਸ਼ਕ ਇਸਤੇਮਾਲ ਕਰਦੇ ਹੋ, ਤਾਂ ਤੁਹਾਡੇ ਮਾਲਿਕ ਨੂੰ ਤੁਹਾਨੂੰ ਇਕ ਥਾਂ ਦੇਣੀ ਚਾਹੀਦੀ ਹੈ, ਜਿੱਥੇ ਤੁਸੀਂ ਦਿਨ ਦਾ ਕੰਮ ਖ਼ਤਮ ਕਰਕੇ ਨਹਾ ਅਤੇ ਕਪੜੇ ਬਦਲ ਸਕੋ।

## ਕੀਟਨਾਸ਼ਕਾਂ ਨੂੰ ਸੁਰੱਖਿਅਤ ਤਰੀਕੇ ਨਾਲ ਇਸਤੇਮਾਲ ਕਰਨ ਬਾਰੇ ਮੈਂ ਕਿਸ ਤਰ੍ਹਾਂ ਸਿਖ ਸਕਦਾ ਹਾਂ?

ਕੈਲੀਫ਼ੋਰਨੀਆ ਕਾਨੂੰਨ ਇਹ ਮੰਗ ਕਰਦਾ ਹੈ ਕਿ ਕੀਟਨਾਸ਼ਕਾਂ ਦਾ ਇਸਤੇਮਾਲ ਪਹਿਲੀ ਵਾਰ ਕਰਨ ਤੋਂ ਪਹਿਲਾਂ, ਤੁਸੀਂ ਪੂਰੀ ਤਰ੍ਹਾਂ ਸਿੱਖਿਅਤ ਹੋਵੋ, ਅਤੇ ਬਾਅਦ ਵਿੱਚ ਹਰ ਸਾਲ ਇਹ ਟਰੇਨਿੰਗ ਲਉ। ਹਰ ਕੀਟਨਾਸ਼ਕ (ਜਾਂ ਉਸ ਗਰੁਪ ਦੇ ਕੀਟਨਾਸ਼ਕ ਜੋ ਰਸਾਇਣਕ ਤੌਰ ਤੇ ਇਕੋ ਜਿਹੇ ਹਨ) ਬਾਰੇ ਤੁਹਾਡੀ ਟਰੇਨਿੰਗ ਵਿੱਚ ਇਹ ਸ਼ਾਮਿਲ ਹੋਣਾ ਚਾਹੀਦਾ ਹੈ:

**ਸਿਹਤ ਸੰਬੰਧ ਪ੍ਰਭਾਵ:**

- ਕੀਟਨਾਸ਼ਕ ਤੁਹਾਨੂੰ ਬੀਮਾਰ ਕਿਵੇਂ ਕਰ ਸਕਦੇ ਹਨ
- ਜੇ ਕੀਟਨਾਸ਼ਕ ਤੁਹਾਡੇ ਅੰਦਰ ਜਾਂ ਤੁਹਾਡੇ ਤੇ ਪੈ ਜਾਂਦੇ ਹਨ, ਤਾਂ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ
- ਕੀਟਨਾਸ਼ਕ ਤੁਹਾਡੇ ਸਰੀਰ ਅੰਦਰ ਕਿਵੇਂ ਜਾ ਸਕਦੇ ਹਨ
- ਗਰਮੀ ਨਾਲ ਬਿਮਾਰ ਹੋਣ ਤੋਂ ਬਚਣਾ, ਜੇ ਤੁਸੀਂ ਗਰਮੀ ਨਾਲ ਬਿਮਾਰ ਹੋ ਜਾਂਦੇ ਹੋ, ਤਾਂ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰਦੇ, ਤੇ ਦਿੱਸਦੇ ਹੋ – ਅਤੇ ਇਸ ਬੀਮਾਰੀ ਲਈ ਮੁਢਲੀ ਡਾਕਟਰੀ ਸਹਾਇਤਾ –
- ਜੇ ਕੀਟਨਾਸ਼ਕ ਤੁਹਾਡੇ ਤੇ ਪੈ ਜਾਣ, ਤਾਂ ਸਾਫ਼ ਕਰਨ ਦੇ ਤਰੀਕੇ

**ਇਕ ਐਮਰਜੈਂਸੀ ਦੌਰਾਨ:**

- ਐਮਰਜੈਂਸੀ ਫਸਟ ਏਡ (ਮੁਢਲੀ ਡਾਕਟਰੀ ਸਹਾਇਤਾ)
- ਐਮਰਜੈਂਸੀ ਡਾਕਟਰੀ ਸੰਭਾਲ ਕਿਵੇਂ ਅਤੇ ਕਿੱਥੋਂ ਪ੍ਰਾਪਤ ਕੀਤੀ ਜਾਏ

**ਨਿੱਜੀ ਸੁਰੱਖਿਆ ਉਪਕਰਣ (PPE):**

- ਤੁਹਾਡੀ ਨਿੱਜੀ ਸੁਰੱਖਿਆ ਉਪਕਰਣ ਪਾਣ ਦੀ ਜ਼ਰੂਰਤ ਕਿਉਂ ਹੈ ?
- ਨਿੱਜੀ ਸੁਰੱਖਿਆ ਉਪਕਰਣ (PPE) ਦੀ ਦੇਖਭਾਲ ਕਿਵੇਂ ਕਰਨੀ ਹੈ
- ਨਿੱਜੀ ਸੁਰੱਖਿਆ ਦੇ ਕਿਹੜੇ ਉਪਕਰਣ ਤੁਹਾਨੂੰ ਕੀਟਨਾਸ਼ਕਾਂ ਤੋਂ ਸੁਰੱਖਿਅਤ ਰੱਖ ਸਕਦੇ ਹਨ ਅਤੇ ਕਿਹੜੇ ਸੁਰੱਖਿਅਤ ਨਹੀਂ ਰੱਖ ਸਕਦੇ

**ਕੀਟਨਾਸ਼ਕ ਸੁਰੱਖਿਆ:**

- ਸੁਰੱਖਿਆ ਦਾ ਮਤਲਬ ਲੇਬਲ ਤੇ ਲਿਖੇ ਸਟੇਟਮੈਂਟ (ਕਥਨਾਂ) ਵਿੱਚ ਦਿੱਤਾ ਗਿਆ ਹੈ
- ਕੀਟਨਾਸ਼ਕਾਂ ਦੇ ਇਸਤੇਮਾਲ ਲਈ ਸੁਰੱਖਿਆ ਨਿਯਮ
- ਤੁਹਾਨੂੰ ਕੀਟਨਾਸ਼ਕ ਜਾਂ ਕੰਟੇਨਰ ਨੂੰ ਘਰ ਕਿਉਂ ਨਹੀਂ ਲਿਜਾਣਾ ਚਾਹੀਦਾ
- ਕੀਟਨਾਸ਼ਕ ਦੇ ਵਾਤਾਵਰਣ ਲਈ ਖ਼ਤਰੇ

## ਇਕ ਮੁਲਾਜ਼ਮ ਵਜੋਂ ਮੇਰੇ ਹੱਕ ਕੀ ਹਨ ?

ਇਕ ਮੁਲਾਜ਼ਮ ਦੇ ਤੌਰ ਤੇ ਤੁਹਾਡਾ ਇਹ ਜਾਣਨ ਦਾ ਹੱਕ ਹੈ, ਕਿ ਤੁਸੀਂ ਕੀਟਨਾਸ਼ਕਾਂ, ਨੌਕਰੀ ਤੇ ਸੁਰੱਖਿਅਤਾ ਬਾਰੇ ਜਾਣਕਾਰੀ, ਸੁਰੱਖਿਆ ਲੀਫ਼ਲੈਟਾਂ (ਪੇਪਰਾਂ) ਅਤੇ ਸੁਰੱਖਿਆ ਡੈਟਾ ਸ਼ੀਟਸ (SDS) ਬਾਰੇ ਹੋਰ ਵੱਧ ਜਾਣਕਾਰੀ ਕਿੱਥੋਂ ਲੈ ਸਕਦੇ ਹੋ। SDS ਤੁਹਾਨੂੰ ਹਰ ਕੀਟਨਾਸ਼ਕਾਂ ਅਤੇ ਇਸਦੇ ਖ਼ਤਰਿਆਂ ਬਾਰੇ ਦੱਸਦਾ ਹੈ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੇਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**